ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Personal Loan Business Loan Home Line of Credit 905-965-4644
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਸਾਗਰਾਂ ਦੇ ਕੰਢੇ ਦਿਲਚਸਪ ਸਥਾਨ ਹੁੰਦੇ ਹਨ। ਇਹ ਉਹ ਥਾਵਾਂ ਨੇ ਜਿੱਥੇ ਦੋ ਸੰਸਾਰ ਮਿਲਦੇ ਹਨ। ਸਮੁੰਦਰ ਜ਼ਮੀਨੀ ਕਾਨੂੰਨਾਂ ਦੀ ਇੱਕ ਬਿਲਕੁਲ ਵੱਖਰੀ ਕਿਸਮ ਦੀ ਪਾਲਣਾ ਕਰਦੇ ਹਨ। ਉਹ ਅਣਗਿਣਤ ਮੀਲਾਂ ਤਕ ਫ਼ੈਲੇ ਹੋਏ ਇੱਕ ਅਜਿਹਾ ਖੇਤਰ ਸਿਰਜਦੇ ਹਨ ਜਿਹੜਾ ਮਨੁੱਖੀ ਹੋਂਦ ਦਾ ਸਮਰਥਨ ਕਰਨ ਦੀ ਬਜਾਏ ਉਸ ਨੂੰ ਚੁਣੌਤੀ ਦਿੰਦੈ। ਹਾਲਾਂਕਿ, ਪਾਣੀ ਦੇ ਐਨ ਕਿਨਾਰੇ 'ਤੇ, ਦੋ ਚਰਮ ਸੀਮਾਵਾਂ ਦੇ ਵਿਚਕਾਰ ਇੱਕ ਅਸਹਿਜ ਮਿਲਣ ਬਿੰਦੂ ਵੀ ਹੁੰਦੈ। ਇਹੀ ਚੀਜ਼ ਸਾਗਰਾਂ ਦੇ ਕੰਢਿਆਂ ਨੂੰ ਜਾਦੂਈ ਅਤੇ ਦਿਲਚਸਪ ਬਣਾਉਂਦੀ ਹੈ। ਇਸ ਵਕਤ ਤੁਹਾਡੀ ਜ਼ਿੰਦਗੀ 'ਚ ਵੀ, ਸਪੱਸ਼ਟ ਤੌਰ 'ਤੇ ਅਸੰਗਤ ਸ਼ਕਤੀਆਂ, ਘੱਟੋ ਘੱਟ ਕੁਝ ਸਮੇਂ ਲਈ, ਇੱਕਜੁਟ ਹੋ ਸਕਦੀਆਂ ਹਨ। ਸੋ ਇਸ ਤਰ੍ਹਾਂ ਦੇ ਸੰਪੂਰਣ ਸਮਝੌਤੇ ਲਈ ਥੋੜ੍ਹੀ ਕੋਸ਼ਿਸ਼ ਕਰਨੀ ਤਾਂ ਬਣਦੀ ਹੈ।

ਜਿਹੜੇ ਲੋਕ ਸਚਮੁਚ ਚਲਾਕ ਹੁੰਦੇ ਹਨ, ਉਹ ਜਾਣਦੇ ਹਨ ਕਿ ਜ਼ਿੰਦਗੀ 'ਚ ਚਲਾਕੀ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੈ। ਉਹ ਸਮਝਦੇ ਹਨ ਕਿ ਹਾਜ਼ਰਜਵਾਬੀ, ਭਾਵੇਂ ਕਿੰਨੇ ਵੀ ਤੇਜ਼ ਵਾਕਾਂਸ਼ਾਂ 'ਚ ਪਿਰੋਈ ਹੋਈ ਕਿਓਂ ਨਾ ਹੋਵੇ ਅਤੇ ਜਿੰਨੀ ਮਰਜ਼ੀ ਚਤੁਰਾਈ ਨਾਲ ਪੇਸ਼ ਕੀਤੀ ਜਾਵੇ, ਇੱਕ ਸੁਚੇਤ ਅਤੇ ਜਾਗਦੇ ਮਨ ਦਾ ਸਤਹੀ, ਮਾਮੂਲੀ ਪ੍ਰਦਰਸ਼ਨ ਹੀ ਹੁੰਦਾ ਹੈ। ਦਿਲੋਂ ਕੀਤੀਆਂ ਟਿੱਪਣੀਆਂ ਬਹੁਤ ਹੀ ਘੱਟ ਇੰਨੀਆਂ ਚਤੁਰ ਅਤੇ ਮਜ਼ੇਦਾਰ ਹੁੰਦੀਆਂ ਨੇ, ਪਰ ਉਹ ਬਹੁਤ ਜ਼ਿਆਦਾ ਮਹੱਤਵਪੂਰਣ ਹੁੰਦੀਆਂ ਹਨ। ਉਹ ਬੇਅੰਤ ਵੱਡੀ ਕੀਮਤ ਵਾਲੀਆਂ ਚੀਜ਼ਾਂ ਨੂੰ ਵਿਅਕਤ ਕਰਦੀਆਂ ਹਨ। ਸਮਾਂ ਹੁਣ ਤੁਹਾਡੇ ਲਈ ਇੱਕ ਇਮਾਨਦਾਰ ਆਦਾਨ-ਪ੍ਰਦਾਨ ਦਾ ਮੌਕਾ ਲਿਆ ਰਿਹਾ ਹੈ। ਉਸ ਵਾਰਤਾਲਾਪ ਨੂੰ ਨਜ਼ਰਅੰਦਾਜ਼ ਨਾ ਕਰੋ ਕਿਉਂਕਿ ਉਸ ਵਿੱਚ ਨਾ ਤਾਂ ਹਾਰਨ ਵਾਲੇ ਹੋਣਗੇ ਅਤੇ ਨਾ ਹੀ ਜੇਤੂ, ਸਿਰਫ਼ ਬਰਾਬਰ ਦੇ ਅਜਿਹੇ ਇਨਸਾਨ ਜੋ ਇੱਕ ਦੂਜੇ ਦੀ ਮਹੱਤਤਾ ਨੂੰ ਸਵੀਕਾਰਦੇ ਹੋਣ।

ਇੱਕ ਸੁਸਤ ਦਿਨ 'ਤੇ, ਜਦੋਂ ਸੂਰਜ ਬੱਦਲਾਂ ਵਿੱਚੋਂ ਦੀ ਲੰਘਦੈ ਤਾਂ ਅਸਲ 'ਚ ਕੋਈ ਵੀ ਸ਼ੈਅ ਹਿਲਦੀ ਨਹੀਂ, ਪਰ ਇੱਕ ਵੱਖਰੀ ਰੌਸ਼ਨੀ 'ਚ ਸਭ ਕੁਝ ਬਦਲਿਆ ਹੋਇਆ ਜਾਪਦੈ। ਜਦੋਂ ਹਾਲਾਤ ਉਦਾਸ ਲੱਗਦੇ ਹੋਣ ਅਤੇ ਪ੍ਰਬੰਧ ਦਮਨਕਾਰੀ ਦਿਖਾਈ ਦਿੰਦਾ ਹੋਵੇ ਤਾਂ ਅਸੀਂ ਜਲਦੀ ਹੀ ਮਹਿਸੂਸ ਕਰ ਸਕਦੇ ਹਾਂ ਕਿ ਅਸੀਂ ਇੱਕ ਅਣਚਾਹੀ ਸਥਿਤੀ ਨਾਲ ਅਟੁੱਟ ਤੌਰ 'ਤੇ ਜੁੜੇ ਹੋਏ ਹਾਂ। ਅਸੀਂ ਬਚਾਅ ਦੇ ਹਰ ਤਰ੍ਹਾਂ ਦੇ ਰਸਤੇ ਲੱਭਣ ਦੀ ਕੋਸ਼ਿਸ਼ ਕਰ ਸਕਦੇ ਹਾਂ ਅਤੇ ਆਜ਼ਾਦੀ ਹਾਸਿਲ ਕਰਨ ਦੀਆਂ ਯੋਜਨਾਵਾਂ ਵੀ ਬਣਾ ਸਕਦੇ ਹਾਂ। ਪਰ ਫ਼ਿਰ ਵੀ ਸਾਨੂੰ ਅਸਲ 'ਚ ਸਿਰਫ਼ ਇਹ ਦੇਖਣ ਦੀ ਲੋੜ ਹੈ ਕਿ ਇੱਕ ਵੱਖਰੀ ਰੌਸ਼ਨੀ 'ਚ ਕੀ ਹੋ ਰਿਹਾ ਹੈ, ਅਤੇ ਹੋ ਸਕਦੈ ਕਿ ਅਸੀਂ ਇਹ ਫ਼ੈਸਲਾ ਕਰ ਲਈਏ ਕਿ ਜਿੱਥੇ ਵੀ ਅਸੀਂ ਪਹਿਲਾਂ ਤੋਂ ਹੀ ਹਾਂ, ਪੂਰੀ ਤਰ੍ਹਾਂ ਖ਼ੁਸ਼ ਹਾਂ।

ਕਦੇ-ਕਦੇ, ਕੁਝ ਹੱਦ ਤਕ, ਬਰਬਾਦੀ ਅਟੱਲ ਹੁੰਦੀ ਹੈ। ਤੁਸੀਂ ਆਪਣੇ ਪੈਸੇ, ਸਮੇਂ ਜਾਂ ਊਰਜਾ ਨਾਲ ਕਿੰਨਾ ਵੀ ਕੁਸ਼ਲ ਹੋਣ ਦੀ ਕੋਸ਼ਿਸ਼ ਕਰੋ ... ਉਨ੍ਹਾਂ 'ਚੋਂ ਕੋਈ ਨਾ ਕੋਈ ਚੀਜ਼ ਤੁਹਾਡੇ ਵਲੋਂ ਮਿੱਥੇ ਟੀਚਿਆਂ ਤਕ ਅੱਪੜਨ 'ਚ ਅਸਫ਼ਲ ਰਹੇਗੀ। ਇਸ ਬਾਰੇ ਚਿੰਤਾ ਕਰਨ ਦਾ ਕੋਈ ਬਹੁਤਾ ਫ਼ਾਇਦਾ ਨਹੀਂ। ਜਦੋਂ ਤਕ ਤੁਸੀਂ ਸਿੱਧੇ ਤੌਰ 'ਤੇ ਜਾਣਬੁਝ ਕੇ ਫ਼ਜ਼ੂਲ ਖ਼ਰਚ ਨਹੀਂ ਕਰ ਰਹੇ, ਤੁਹਾਨੂੰ ਸਿਰਫ਼ ਇਸ ਤੱਥ ਨੂੰ ਸਵੀਕਾਰ ਕਰਨਾ ਪਵੇਗਾ ਕਿ ਹਰ ਚੀਜ਼ ਘੱਟ ਤੋਂ ਘੱਟ ਸਰੋਤਾਂ ਦੇ ਸਿਰ 'ਤੇ ਹਮੇਸ਼ਾ ਸਫ਼ਲਤਾਪੂਰਵਕ ਨਹੀਂ ਚੱਲ ਸਕਦੀ। ਤੁਹਾਡੀ ਮੌਜੂਦਾ ਭਾਵਨਾਤਮਕ ਵਚਨਬੱਧਤਾ ਨੂੰ ਤੁਹਾਡੇ ਤੋਂ ਜਿਸ ਊਰਜਾ ਦੀ ਲੋੜ ਹੈ, ਉਸ ਨੂੰ ਬਿਲਕੁਲ ਵੀ ਘੱਟ ਨਾ ਸਮਝੋ। ਉਸ ਨੂੰ ਹੋਰ ਦਿਓ ਅਤੇ ਚਿੰਤਾ ਨਾ ਕਰੋ। ਉਹ ਅੰਤ 'ਚ ਤੁਹਾਨੂੰ ਹੋਰ ਵੀ ਬਹੁਤ ਕੁਝ ਵਾਪਿਸ ਦੇਵੇਗੀ।

ਯਾਦ ਹੈ, ਬਚਪਨ 'ਚ, ਸਾਡੇ 'ਚੋਂ ਕੁਝ ਬੱਚੇ ਕਿਸੇ ਇੱਕ ਸਹਿਪਾਠੀ ਖ਼ਿਲਾਫ਼ ਗੱਠਜੋੜ ਬਣਾ ਲੈਂਦੇ ਸਨ? ਅਸੀਂ ਰਲ ਕੇ ਉਨ੍ਹਾਂ ਨੂੰ ਚਿੜਾਉਂਦੇ ਸੀ, ਉਨ੍ਹਾਂ ਨੂੰ ਅਜੀਬੋ-ਗ਼ਰੀਬ ਨਾਮ ਦਿੰਦੇ ਸੀ ਅਤੇ ਦੱਸਦੇ ਸੀ ਕਿ ਅਸੀਂ ਉਨ੍ਹਾਂ ਨੂੰ ਕਿੰਨੀ ਨਫ਼ਰਤ ਕਰਦੇ ਹਾਂ? ਓਦੋਂ ਅਸੀਂ ਛੋਟੇ ਸੀ। ਸਾਨੂੰ ਸਮਝ ਨਹੀਂ ਸੀ ਕਿ ਅਸੀਂ ਕਿੰਨੇ ਘਟੀਆ ਬਣ ਰਹੇ ਸੀ। ਅਸੀਂ ਕਲਪਨਾ ਵੀ ਨਹੀਂ ਸੀ ਕਰ ਸਕਦੇ ਕਿ ਅਸੀਂ ਕਿੰਨੀ ਮੁਸੀਬਤ ਦਾ ਕਾਰਨ ਬਣ ਰਹੇ ਸੀ। ਹੁਣ, ਅਸੀਂ ਜਾਣਦੇ ਹਾਂ। ਸਾਨੂੰ ਅਫ਼ਸੋਸ ਹੈ ਕਿ ਅਸੀਂ ਆਪਣੇ ਜੀਵਨ ਕਦੇ ਇਸ ਤਰ੍ਹਾਂ ਦਾ ਵਿਹਾਰ ਵੀ ਕੀਤਾ। ਜੇਕਰ ਓਦੋਂ ਸਾਡੇ ਨਾਲ ਕਿਸੇ ਨੇ ਇੰਝ ਕੀਤਾ ਹੁੰਦਾ ਤਾਂ ਅਸੀਂ ਹੋਰ ਵੀ ਜ਼ਿਆਦਾ ਦੁਖੀ ਹੋਣਾ ਸੀ। ਇੱਥੇ ਇੱਕ ਸਵਾਲ ਹੈ। ਤੁਹਾਡੀ ਜ਼ਿੰਦਗੀ 'ਚ ਇਸ ਵੇਲੇ ਕਿਹੜੀ ਅਜਿਹੀ ਸ਼ੈਅ ਹੈ ਜਿਹੜੀ ਹਾਲ ਦੀ ਘੜੀ ਤਾਂ ਠੀਕ ਲੱਗ ਰਹੀ ਹੈ, ਪਰ ਜਿਹੜੀ ਇੱਕ ਦਿਨ ਘਿਣਾਉਣੀ ਲੱਗੇਗੀ? ਓਦੋਂ ਤਕ ਦਾ ਇੰਤਜ਼ਾਰ ਨਾ ਕਰੋ; ਉਸ ਨੂੰ ਹੁਣੇ ਬਦਲ ਲਵੋ।

ਕਿਸੇ ਵੇਲੇ ਵੀ ਫ਼ੱਟ ਸਕਦੀਆਂ ਨੇ 42 ਗਲੇਸ਼ੀਅਰ ਝੀਲਾਂ

ਕਾਠਮੰਡੂ: ਨੇਪਾਲ 'ਚ 42 ਅਜਿਹੀਆਂ ਗਲੇਸ਼ੀਅਰ ਝੀਲਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਦੇ ਫ਼ਟਣ ਦਾ ਗੰਭੀਰ ਖ਼ਤਰਾ ਹੈ। ਮਾਹਿਰਾਂ ਨੇ ਇਹ ਜਾਣਕਾਰੀ ਦਿੱਤੀ। ਇੰਟਰਨੈਸ਼ਨਲ ਸੈਂਟਰ ਫ਼ੋਰ ਇੰਟੈਗ੍ਰੇਟਿਡ ਮਾਊਨਟੇਨ ਡਿਵੈਲਪਮੈਂਟ ਦੇ ਮਾਹਿਰ ਸ਼ਰਦ ਪ੍ਰਸਾਦ ਜੋਸ਼ੀ ਨੇ ਸੰਖੁਵਾਸਭਾ ਜ਼ਿਲ੍ਹੇ ਦੇ ਹੈੱਡ ਕੁਆਰਟਰ ਖਾਂਦਬਾਰੀ 'ਚ ਹੋਈ ਇੱਕ ਚਰਚਾ 'ਚ ਚਿਤਾਵਨੀ ਦਿੱਤੀ ਕਿ ਜੇਕਰ ਇਨ੍ਹਾਂ 'ਚੋਂ ਕੋਈ ਝੀਲ ਫ਼ਟਦੀ ਹੈ ਤਾਂ ਭਾਰੀ ਜਾਨੀ-ਮਾਲੀ ਅਤੇ ਵੱਡੇ ਪੈਮਾਨੇ 'ਤੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਹੋ ਸਕਦਾ ਹੈ। ਇੰਟਰਨੈਸ਼ਨਲ ਸੈਂਟਰ ਫ਼ੋਰ ਇੰਟੈਗ੍ਰੇਟਿਡ ਮਾਊਨਟੇਨ ਡਿਵੈਲਪਮੈਂਟ ਦੀ ਰਿਪੋਰਟ ਅਨੁਸਾਰ, ਨੇਪਾਲ ਦੀਆਂ 2,069 ਗਲੇਸ਼ੀਅਰ ਝੀਲਾਂ 'ਚੋਂ 42 ਨੂੰ ਅਤੀ ਉੱਚ-ਖ਼ਤਰੇ ਦੀ ਸ਼੍ਰੇਣੀ 'ਚ ਰੱਖਿਆ ਗਿਆ ਹੈ। ਇਹ ਸਾਰੀਆਂ ਝੀਲਾਂ ਕੋਸ਼ੀ ਪ੍ਰਾਂਤ 'ਚ

ਸਥਿਤ ਹਨ। ਸੰਖੁਵਾਸਭਾ ਜ਼ਿਲ੍ਹੇ ਦੇ ਭੋਟਖੋਲਾ ਅਤੇ ਮਕਾਲੂ ਸਮੇਤ ਚਾਰ ਝੀਲਾਂ ਨੂੰ ਖ਼ਾਸ ਤੌਰ 'ਤੇ ਉੱਚ ਖ਼ਤਰੇ ਵਾਲੀਆਂ ਦਰਸਾਇਆ ਗਿਆ ਹੈ।

ਇਨ੍ਹਾਂ 'ਚੋਂ ਲੋਅਰ ਬਾਰੁਨ ਖੇਤਰ ਦੀ ਤਲੋਪੋਖਰੀ ਝੀਲ ਨੂੰ ਸਭ ਤੋਂ ਖ਼ਤਰਨਾਕ ਮੰਨਿਆ ਗਿਆ ਹੈ। ਝੀਲ ਲਗਭਗ ਤਿੰਨ ਕਿਲੋਮੀਟਰ ਲੰਬੀ ਅਤੇ 206 ਮੀਟਰ ਡੂੰਘੀ ਹੈ ਜਦ ਕਿ ਇਸ ਦੇ ਆਲੇ ਦੁਆਲੇ ਦੀ ਔਸਤ ਗਹਿਰਾਈ 15 ਤੋਂ 25 ਮੀਟਰ ਹੈ। ਰਿਪੋਰਟ ਮੁਤਾਬਿਕ ਜੇ ਇਨ੍ਹਾਂ 'ਚੋਂ ਕੋਈ ਵੀ ਝੀਲ ਫ਼ੱਟਦੀ ਹੈ ਤਾਂ ਅਰੂਣ ਘਾਟੀ ਦੀਆਂ ਕਈ ਬਸਤੀਆਂ, ਪੁਲ, ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਇਸ ਤੋਂ ਇਲਾਵਾ ਤਿਬੱਤ 'ਚ ਸਥਿਤ 13 ਗਲੇਸ਼ੀਅਰ ਝੀਲਾਂ ਵੀ ਨੇਪਾਲ ਦੇ ਉੱਤਰੀ ਹਿੱਸਿਆਂ ਲਈ ਖ਼ਤਰਾ ਬਣੀਆਂ ਹੋਈਆਂ ਹਨ। ਇੰਟਰਨੈਸ਼ਨਲ ਸੈਂਟਰ ਫ਼ੋਰ ਇੰਟੀਗ੍ਰੇਟਡ ਮਾਊਂਟੇਨ ਡਿਵੈਲਪਮੈਂਟ, ਨੇਪਾਲ ਦੇ ਜਲ-ਮੌਸਮ ਵਿਭਾਗ ਅਤੇ UNDP ਮਿਲ ਕੇ ਇਨ੍ਹਾਂ ਉੱਚ-ਖ਼ਤਰੇ ਵਾਲੀਆਂ ਝੀਲਾਂ 'ਤੇ ਜੋਖ਼ਮ ਘਟਾਉਣ ਲਈ ਕੰਮ ਕਰ ਰਹੇ ਹਨ।

ਮਾਹਿਰ ਨੀਰਾ ਸ਼੍ਰੇਸਠਾ ਪ੍ਰਧਾਨ ਨੇ ਕਿਹਾ ਕਿ ਅਜਿਹੀਆਂ ਕੁਦਰਤੀ ਆਫ਼ਤਾਂ ਦੌਰਾਨ ਔਰਤਾਂ, ਬੱਚਿਆਂ ਅਤੇ ਬੁਜ਼ੁਰਗਾਂ 'ਤੇ ਸਭ ਤੋਂ ਵੱਧ ਅਸਰ ਪੈਂਦਾ ਹੈ, ਇਸ ਲਈ ਲੋਕਾਂ ਨੂੰ ਚੌਕਸ ਕਰਨ ਲਈ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਵਿਗਿਆਨੀਆਂ ਨੇ ਜ਼ੋਰ ਦਿੱਤਾ ਹੈ ਕਿ ਇਨ੍ਹਾਂ ਖੇਤਰਾਂ 'ਚ ਤੁਰੰਤ ਸਰਵੇਖਣ, ਨਿਗਰਾਨੀ ਅਤੇ ਤਿਆਰੀ ਵਧਾਉਣ ਦੀ ਲੋੜ ਹੈ ਤਾਂ ਜੋ ਸੰਭਵ ਤਬਾਹੀ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।

ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
12 Beds, 7 Baths For 24 Guests 905-965-4644
ਦੰਦਾਂ ਲਗਵਾਓ FREE ਮੁਫ਼ਤ 905-458-3344 With CDCP

ਟਰੰਪ ਨਾਲ ਝਗੜੇ ਮਗਰੋਂ ਮਾਰਜਰੀ ਟੇਲਰ ਗ੍ਰੀਨ ਨੇ ਛੱਡੀ US Congress

ਲੌਸ ਐਂਜਲਸ: US ਰਾਸ਼ਟਰਪਤੀ ਡੌਨਲਡ ਟਰੰਪ ਦੀ ਸਾਬਕਾ ਸਹਿਯੋਗੀ ਅਤੇ ਜੌਰਜੀਆ ਤੋਂ ਪ੍ਰਤੀਨਿਧੀ ਸਭਾ (ਅਮਰੀਕੀ ਕਾਂਗਰਸ ਦੇ ਹੇਠਲੇ ਸਦਨ) ਦੀ ਮੈਂਬਰ ਮਾਰਜਰੀ ਟੇਲਰ ਗ੍ਰੀਨ ਨੇ ਐਲਾਨ ਕੀਤਾ ਕਿ ਉਹ ਰਾਸ਼ਟਰਪਤੀ ਨਾਲ ਹੋਏ ਝਗੜੇ ਦੇ ਬਾਅਦ ਆਪਣੀ ਕਾਂਗਰਸ ਦੀ ਸੀਟ ਤੋਂ ਅਸਤੀਫ਼ਾ ਦੇ ਰਹੀ ਹੈ। ਗ੍ਰੀਨ ਜਨਵਰੀ 'ਚ ਸੰਸਦ ਦੀ ਕਾਂਗਰਸ ਤੋਂ ਅਸਤੀਫ਼ਾ ਦੇ ਦੇਵੇਗੀ ਅਤੇ ਸਦਨ ਦੇ ਮੈਂਬਰ ਵਜੋਂ ਉਸ ਦਾ ਅੰਤਿਮ ਦਿਨ 5 ਜਨਵਰੀ 2026 ਹੋਵੇਗਾ। ਗ੍ਰੀਨ ਦੇ ਇਸ ਕਦਮ ਕਾਰਨ ਇੱਕ ਸਪੈਸ਼ਲ ਚੋਣ ਹੋਵੇਗੀ, ਅਤੇ ਇਸ ਨਾਲ ਸੱਤਾਧਾਰੀ ਰੀਪਬਲੀਕਨ ਪਾਰਟੀ ਦੇ ਅੰਦਰ ਹੜਕੰਪ ਮਚ ਸਕਦਾ ਹੈ। US Congress 'ਚ ਕਿਸੇ ਸੀਟ ਨੂੰ ਕਿਸੇ ਗ਼ੈਰ-ਚੁਣੇ ਹੋਏ ਵਿਅਕਤੀ ਨਾਲ ਅਸਥਾਈ ਤੌਰ 'ਤੇ ਭਰਨ ਦਾ ਕੋਈ ਨਿਯਮ ਨਹੀਂ।

ਝਗੜੇ ਦੀ ਵਜ੍ਹਾ ਅਤੇ ਅਸਤੀਫ਼ੇ ਦੇ ਕਾਰਨ: ਹਾਲ ਹੀ ਦੇ ਮਹੀਨਿਆਂ 'ਚ US ਰਾਸ਼ਟਰਪਤੀ ਅਤੇ ਗ੍ਰੀਨ ਵਿਚਕਾਰ ਜਨਤਕ ਵਿਵਾਦ ਹੋਇਆ ਸੀ। ਇਹ ਵਿਵਾਦ ਓਦੋਂ ਸ਼ੁਰੂ ਹੋਇਆ ਸੀ ਜਦੋਂ ਗ੍ਰੀਨ ਨੇ ਵਿਦੇਸ਼ ਨੀਤੀ ਅਤੇ ਸਿਹਤ ਸੰਭਾਲ ਨੂੰ ਲੈ ਕੇ ਟਰੰਪ ਦੀ ਆਲੋਚਨਾ ਕੀਤੀ, ਅਤੇ ਨਾਲ ਹੀ ਜਿਣਸੀ ਅਪਰਾਧੀ ਜੈਫ਼ਰੀ ਐਪਸਟੀਨ ਨਾਲ ਜੁੜੀ ਫ਼ਾਈਲ 'ਤੇ ਟਰੰਪ ਦੇ ਰੁਖ਼ ਨੂੰ ਲੈ ਕੇ ਵੀ ਉਸ ਦੀ ਆਲੋਚਨਾ ਕੀਤੀ ਸੀ। ਇਸ ਦੇ ਜਵਾਬ 'ਚ US ਰਾਸ਼ਟਰਪਤੀ ਨੇ ਗ੍ਰੀਨ ਨੂੰ ਗ਼ਦਾਰ ਅਤੇ ਸਨਕੀ ਕਿਹਾ ਸੀ। ਟਰੰਪ ਨੇ ਇਹ ਵੀ ਕਿਹਾ ਸੀ ਕਿ ਜਦੋਂ ਗ੍ਰੀਨ ਅਗਲੇ ਸਾਲ ਮੁੜ ਚੋਣ ਲੜੇਗੀ ਤਾਂ ਉਹ ਉਸ ਵਿਰੁੱਧ ਖੜ੍ਹੇ ਹੋਣ ਵਾਲੇ ਵਿਰੋਧੀ ਦਾ ਸਮਰਥਨ ਕਰੇਗਾ।

ਗ੍ਰੀਨ ਨੇ ਸੋਸ਼ਲ ਮੀਡੀਆ X ਪਲੈਟਫ਼ੌਰਮ 'ਤੇ ਇੱਕ ਬਿਆਨ 'ਚ ਆਪਣੇ ਅਸਤੀਫ਼ੇ ਦੀ ਐਲਾਨ ਕਰਦਿਆਂ ਕਿਹਾ, "ਮੇਰੇ ਕੋਲ ਬਹੁਤ ਜ਼ਿਆਦਾ ਆਤਮ-ਸਨਮਾਨ ਅਤੇ ਗਰਿਮਾ ਹੈ। ਮੈਂ ਨਹੀਂ ਚਾਹੁੰਦੀ ਕਿ ਮੇਰੇ ਪਿਆਰੇ ਜ਼ਿਲ੍ਹੇ ਨੂੰ ਮੇਰੇ ਕਾਰਨ ਇੱਕ ਦਰਦਨਾਕ ਅਤੇ ਨਫ਼ਰਤ ਭਰੀ ਆਵਾਜ਼ ਝੱਲਣੀ ਪਵੇ।" ਗ੍ਰੀਨ ਨੇ ਇਹ ਵੀ ਦੱਸਿਆ ਕਿ ਇਹ ਕਦਮ ਇਸ ਲਈ ਵੀ ਜ਼ਰੂਰੀ ਸੀ ਕਿਉਂਕਿ ਰੀਪਬਲੀਕਨਜ਼ ਸ਼ਾਇਦ ਅਗਲੀਆਂ Midterm ਚੋਣਾਂ ਹਾਰ ਜਾਣਗੇ।

ਅਗਲੀਆਂ Midterm ਚੋਣਾਂ (ਜੋ ਕਿ ਹਾਊਸ ਔਫ਼ ਰੈਪ੍ਰਜ਼ੈਂਟਟਿਵਜ਼ ਲਈ ਨਿਯਮਿਤ ਦੋ-ਸਾਲਾ ਚੋਣਾਂ ਹਨ) ਨਵੰਬਰ 2026 'ਚ ਹੋਣੀਆਂ ਹਨ। ਇਸ ਦੌਰਾਨ, ਅਮਰੀਕਾ ਦੇ ਰਾਸ਼ਟਰਪਤੀ ਦੇ ਅਧਿਕਾਰਤ ਨਿਵਾਸ ਅਤੇ ਦਫ਼ਤਰ ਵ੍ਹਾਈਟ ਹਾਊਸ ਨੇ ਗ੍ਰੀਨ ਦੀ ਇਸ ਘੋਸ਼ਣਾ 'ਤੇ ਅਜੇ ਤਕ ਕੋਈ ਟਿੱਪਣੀ ਨਹੀਂ ਕੀਤੀ।

ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
Security Cameras CCTV Live Monitoring 647-863-9232
ਇੰਡੀਅਨ ਵੀਜ਼ਾ OCI & Passport Renewal 514-389-7070